# ਭੂਮਿਕਾ

# ਭੂਮਿਕਾ

ਵਿਸ਼ਵ ਪੱਧਰ ਤੇ ਵਿਕਸਤ ਹੋ ਰਹੇ ਨਵੇਂ ਚਿੰਤਨ ਦੀ ਰੋਸ਼ਨੀ ਵਿੱਚ ਪੁਰਾਣਾ ਸਾਰਾ ਚਿੰਤਨ ਅਤੇ ਸਥਾਪਿਤ ਧਾਰਣਾਵਾਂ ਨੂੰ ਮੁੜ ਤੋਂ ਵਿਚਾਰਿਆ ਜਾ ਰਿਹਾ ਹੈ। ਅਜੋਕੇ ਗਿਆਨ-ਸ਼ਾਸਤਰ ਵਿੱਚ ਮਾਰਕਸਵਾਦ, ਮਨੋਵਿਸ਼ਲੇਸ਼ਣ, ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਉੱਤਰ-ਆਧੁਨਿਕਤਾਵਾਦ ਅਤੇ ਉੱਤਰ-ਬਸਤੀਵਾਦ ਦੇ ਨਾਲ-ਨਾਲ ਨਾਰੀਵਾਦੀ ਚਿੰਤਨ ਵੀ ਜਿੱਥੇ ਭਿੰਨ-ਭਿੰਨ ਸੰਦਰਭਾਂ ਵਿੱਚ ਵਿਕਾਸ ਕਰ ਰਿਹਾ ਹੈ, ਉੱਥੇ ਇਹਨਾਂ ਉਪਰੋਕਤ ਨਵੀਨ ਅੰਤਰਦ੍ਰਿਸ਼ਟੀਆਂ ਨਾਲ ਵੀ ਸੰਵਾਦ ਰਚਾ ਰਿਹਾ ਹੈ। ਨਾਰੀਵਾਦੀ ਪ੍ਰਵਚਨ ਨਾਰੀ ਹੋਂਦ, ਨਾਰੀ ਸਥਿਤੀ, ਨਾਰੀ ਸੰਵੇਦਨਾ, ਨਾਰੀ ਮਨੋ-ਸਮਾਜਿਕ ਬਣਤਰ, ਨਾਰੀ ਭਾਸ਼ਾ ਅਤੇ ਨਾਰੀ ਦੇ ਜਟਿਲ ਅਸਤਿਤਵ ਨਾਲ ਜੁੜੇ ਮਸਲਿਆਂ ਦੇ ਪ੍ਰਸੰਗ ਵਿੱਚ ਲਗਾਤਾਰ ਵਿਸ਼ਵ ਚਿੰਤਨ ਵਿੱਚ ਨਵੀਂ ਬਹਿਸ ਨੂੰ ਜਨਮ ਦੇ ਰਿਹਾ ਹੈ। ਨਾਰੀਵਾਦ ਇਕ ਅਜਿਹੀ ਚਿੰਤਨਧਾਰਾ ਹੈ ਜੋ ਜੈਂਡਰ (Gender) ਦੇ ਸੁਆਲ ਨੂੰ ਨਸਲ ਅਤੇ ਸ਼ਕਤੀ ਦੇ ਵਿਭਿੰਨ ਪੱਖਾਂ ਤੋਂ ਵਿਚਾਰਦੀ ਹੈ। ਪਿੱਤਰਸੱਤਾ ਦੀ ਰਾਜਨੀਤੀ ਮਰਦ ਨੂੰ ਕੇਂਦਰ ਵਿੱਚ ਰੱਖਦੀ ਹੈ ਅਤੇ ਔਰਤ ਨੂੰ ਲਿੰਗ ਦੇ ਆਧਾਰ ’ਤੇ ਘਟਾਉਂਦੀ ਹੋਈ ਸਮੁੱਚੇ ਸਮਾਜ-ਸਭਿਆਚਾਰਕ ਵਰਤਾਰਿਆਂ ’ਤੇ ਮਰਦ ਹੈਜ਼ਮਨੀ (Hegemony) ਨੂੰ ਸਥਾਪਿਤ ਕਰਦੀ ਹੈ। ਨਾਰੀਵਾਦੀ ਚਿੰਤਨ ਮਰਦ ਵਿਰੋਧੀ ਨਹੀਂ, ਬਲਕਿ ਪਿੱਤਰਸਤਾ ਅਤੇ ਲਿੰਗਕ ਵਖਰੇਵੇਂ ਦਾ ਵਿਰੋਧ ਕਰਦਾ ਹੈ ਜੋ ਮਰਦ ਨੂੰ ਨਾਰੀ ਦੇ ਨਿਸਬਤਨ ਵਧੇਰੇ ਅਧਿਕਾਰ ਦਿੰਦੇ ਹਨ। ਇਹ ਚਿੰਤਨ ਨਾਰੀ ਨੂੰ ਇਕ ਵਿਵੇਕਸ਼ੀਲ ਪ੍ਰਾਣੀ ਮੰਨਦਾ ਹੈ ਅਤੇ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰ, ਨਿਆਂਇਕ ਆਦਿ ਹਰ ਪੱਧਰ ’ਤੇ ਉਸਨੂੰ ਮਰਦ ਦੇ ਸਮਾਨ ਅਧਿਕਾਰ ਦੇਣ ਦਾ ਸਮਰਥਕ ਹੈ। ਪਿੱਤਰਕੀ ਰਾਜਨੀਤੀ ਨੂੰ ਸਮਝਦੇ ਹੋਏ ਸਮੇਂ-ਸਮੇਂ ’ਤੇ ਨਾਰੀਵਾਦ ਦੇ ਵਿਕਾਸ ਅਨੁਸਾਰ ਮਾਡਲ ਪੈਦਾ ਹੋਏ ਹਨ, ਜਿਨ੍ਹਾਂ ਨੇ ਨਾਰੀ ਮੁਕਤੀ ਅੰਦੋਲਨ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ ਨਾਰੀਵਾਦੀ ਚਿੰਤਨ ਦੇ ਅੰਤਰਗਤ ਨਵੀਆਂ ਵੰਗਾਰਾਂ ਅਤੇ ਸੰਭਾਵਨਾਵਾਂ ਨੂੰ ਵਿਸ਼ਵ ਪੱਧਰ ’ਤੇ ਚੱਲ ਰਹੇ ਬਹੁਪੱਖੀ ਸੰਵਾਦ ਦਾ ਹਿੱਸਾ ਬਣਾਇਆ। ਨਾਰੀਵਾਦੀ ਸਾਹਿਤਕ ਆਲੋਚਨਾ ਨੇ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿੱਚ ਅਨੁਭਵ ਦੀ ਸਮੁੱਚੀ ਪ੍ਰਕਿਰਿਆ ਨੂੰ ਵੀ ਪ੍ਰਭਾਵਿਤ ਕੀਤਾ, ਜਿਸ ਤਹਿਤ ਰਚਨਾ ਪਾਠਾਂ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਪ੍ਰਸ਼ਨ ਸਾਹਮਣੇ ਆਏ ਤੇ ਵਿਸ਼ਵ ਪੱਧਰ ਉੱਪਰ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਅਤੇ ਨਾਲ ਹੀ ਪਿੱਤਰਕੀ ਮੁੱਲਾਂ ਤੇ ਸਵਾਲ ਖੜ੍ਹੇ ਕੀਤੇ। ਬਦਲੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਪੰਜਾਬੀ ਕਹਾਣੀ ਨੂੰ ਵੀ ਸਮਕਾਲੀ ਗਿਆਨ ਦੇ ਸੰਦਰਭ ਵਿੱਚ ਦੇਖਿਆ ਪਰਖਿਆ ਜਾ ਰਿਹਾ ਹੈ। ਸਮਕਾਲੀ ਪੰਜਾਬੀ ਕਹਾਣੀ ਆਪਣੀਆਂ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਨਾਲ ਵੀ ਸੰਵਾਦੀ ਧਰਾਤਲ ’ਤੇ ਵਿਚਰ ਰਹੀ ਹੈ ਅਤੇ ਨਾਰੀਵਾਦੀ ਚਿੰਤਨ ਦੀ ਰੋਸ਼ਨੀ ਵਿੱਚ ਅੰਤਰ-

ਰਾਸ਼ਟਰੀ ਪੱਧਰ ਤੇ ਵਾਪਰ ਰਹੇ ਨਵੇਂ ਵਰਤਾਰਿਆਂ ਅਤੇ ਸੰਭਾਵਨਾਵਾਂ ਨਾਲ ਵੀ ਜੁੜੀ ਹੋਈ ਹੈ। ਇਸ ਸਮੇਂ ਸਮਕਾਲੀ ਪੰਜਾਬੀ ਕਹਾਣੀ ਵਿੱਚ ਔਰਤ ਦੀ ਸੁਤੰਤਰ ਹੋਂਦ ਅਤੇ ਪਛਾਣ ਦਾ ਮਸਲਾ ਗੰਭੀਰ ਚਿੰਤਾ ਅਤੇ ਚਿੰਤਨ ਦਾ ਮੁੱਦਾ ਬਣ ਕੇ ਪੇਸ਼ ਹੋ ਰਿਹਾ ਹੈ। ਸਮਕਾਲੀ ਪੰਜਾਬੀ ਕਹਾਣੀ ਦੇ ਅੰਤਰਗਤ ਭਾਰਤੀ, ਪਰਵਾਸੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਨਾਰੀ ਦੀ ਹੋਂਦ-ਹਸਤੀ, ਸਮਾਜ-ਸਭਿਆਚਾਰਕ ਸਥਿਤੀ ਤੇ ਸਮੱਸਿਆਵਾਂ, ਸੰਵੇਦਨਾ, ਮਾਨਸਿਕਤਾ ਅਤੇ ਨਾਰੀ ਚੇਤਨਾ ਆਦਿ ਨਾਲ ਜੁੜੇ ਵਿਭਿੰਨ ਸਰੋਕਾਰਾਂ ਨੂੰ ਆਪੋ-ਆਪਣੇ ਦੇਸ਼, ਕਾਲ ਅਤੇ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਸੂਖ਼ਮ ਅਤੇ ਬਹੁ ਦਿਸ਼ਾਵੀ ਦ੍ਰਿਸ਼ਟੀ ਰਾਹੀਂ ਪ੍ਰਗਟਾ ਰਹੇ ਹਨ।

ਮੈਂ ਆਪਣੇ ਸ਼ੋਧ-ਪ੍ਰਬੰਧ ਵਿੱਚ ਸੰਨ 2000 ਤੋਂ ਲੈ ਕੇ ਹੁਣ ਤੱਕ ਲਿਖੀ ਗਈ ਪੰਜਾਬੀ ਕਹਾਣੀ ਨੂੰ ਆਧਾਰ ਬਣਾਉਂਦਿਆਂ ਹੋਇਆ ਪ੍ਰਮੁੱਖ ਤੌਰ 'ਤੇ ਛੇ ਸਮਕਾਲੀ ਪੰਜਾਬੀ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਸਰੋਕਾਰਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਨਾਰੀਵਾਦ ਸਿਰਫ਼ ਸਿਧਾਂਤ ਨਹੀਂ ਬਲਕਿ ਇਹ ਸਮਾਜਿਕ ਅਮਲ ਨਾਲ ਜੁੜਿਆ ਕਾਰਜ ਹੈ ਅਤੇ ਇੰਝ ਇਹ ਸਾਹਿਤ, ਸਮਾਜ, ਸਭਿਆਚਾਰ, ਧਰਮ ਅਤੇ ਰਾਜਨੀਤੀ ਨਾਲ ਜੁੜਿਆ ਹੋਇਆ ਹੈ। ਇਸ ਵਿਚਾਰ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮੈਂ ਆਪਣੇ ਖੋਜ ਕਾਰਜ ਲਈ ਅੰਤਰ-ਅਨੁਸ਼ਾਸਨੀ ਵਿਧੀ ਦੀ ਵਰਤੋਂ ਕੀਤੀ ਹੈ।

ਇਸ ਸ਼ੋਧ-ਪ੍ਰਬੰਧ ਦਾ ਵਿਸ਼ਾ 'ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀਵਾਦੀ ਸਰੋਕਾਰ (ਨਿਰਮਲ ਜਸਵਾਲ, ਰਸ਼ਪਿੰਦਰ ਰਸ਼ਿਮ, ਬਚਿੰਤ ਕੌਰ, ਅੰਮ੍ਰਿਤਪਾਲ ਕੌਰ, ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੇ ਵਿਸ਼ੇਸ਼ ਸੰਦਰਭ ਵਿੱਚ)' ਹੈ। ਇਸ ਖੋਜ ਕਾਰਜ ਨੂੰ ਪੰਜ ਅਧਿਆਇ ਵਿੱਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਨਾਰੀਵਾਦ ਇਤਿਹਾਸਕ ਅਤੇ ਸਿਧਾਂਤਕ ਪਰਿਪੇਖ' ਸਿਰਲੇਖ ਹੇਠ ਦਰਜ ਹੈ। ਇਸ ਨੂੰ ਅੱਗੋਂ ਤਿੰਨ ਮੁੱਖ-ਭਾਗਾਂ ਅਤੇ ਉਪ-ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਮੁੱਖ-ਭਾਗ 'ਨਾਰੀਵਾਦ: ਸਿਧਾਂਤਕ ਪਰਿਪੇਖ' ਹੈ, ਜਿਸਦੇ ਅੱਗੋਂ ਦੋ ਉਪ-ਭਾਗ ਹਨ ਜਿਨ੍ਹਾਂ ਵਿੱਚ ਨਾਰੀਵਾਦ ਸੰਕਲਪ ਦੇ ਸ਼ਾਬਦਿਕ ਅਰਥ ਦੀ ਪੜਚੋਲ ਕਰਦਿਆਂ ਇਸਨੂੰ ਪਰਿਭਾਸ਼ਤ ਕਰਨ ਲਈ ਪੱਛਮੀ, ਭਾਰਤੀ ਅਤੇ ਪੰਜਾਬੀ ਚਿੰਤਕਾਂ, ਦਾਰਸ਼ਨਿਕਾਂ, ਵਿਦਵਾਨਾਂ ਅਤੇ ਖੋਜ ਆਲੋਚਕਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਨਾਰੀਵਾਦ ਦੀ ਪ੍ਰਕ੍ਰਿਤੀ ਅਤੇ ਸਰੂਪ ਦੀ ਚਰਚਾ ਕੀਤੀ ਗਈ ਹੈ। ਇਸਦੇ ਨਾਲ ਹੀ ਪਿੱਤਰੀ ਸਮਾਜ-ਸਭਿਆਚਾਰਕ ਸੰਦਰਭ ਵਿੱਚ ਨਾਰੀ ਹੋਂਦ, ਨਾਰੀ ਪਛਾਣ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ ਅਤੇ ਲਿੰਗਕ ਵਿਤਕਰੇ ਪਿੱਛੇ ਕਾਰਜਸ਼ੀਲ ਪਿੱਤਰਕੀ ਸੋਚ ਅਤੇ ਕਾਰਨਾਂ ਨੂੰ ਪ੍ਰਸਿੱਧ ਨਾਰੀਵਾਦੀ ਚਿੰਤਕ ਸੀਮੋਨ-ਦ-ਬੋਵਾਰ ਦੁਆਰਾ ਦਿੱਤੇ ਵਿਚਾਰਾਂ ਦੇ ਹਵਾਲੇ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਅਧਿਆਇ ਦਾ ਦੂਜਾ ਮੁੱਖ ਭਾਗ 'ਨਾਰੀਵਾਦ: ਇਤਿਹਾਸਕ ਅਤੇ ਵਿਚਾਰਧਾਰਕ ਸੰਦਰਭ' ਹੈ ਜਿਸਨੂੰ ਅੱਗੋਂ ਦੋ ਉਪ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਪੱਛਮੀ ਨਾਰੀਵਾਦ ਨੂੰ ਵਿਚਾਰਿਆ ਗਿਆ ਹੈ। ਉੱਨੀਵੀਂ-ਵੀਹਵੀਂ ਸਦੀ ਵਿੱਚ ਪੱਛਮ ਵਿੱਚ ਨਾਰੀ ਨੂੰ ਮਰਦ ਦੇ ਸਮਾਨ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਅਧਿਕਾਰ ਦਿਵਾਉਣ ਲਈ ਚੱਲੇ ਨਾਰੀ ਅੰਦੋਲਨਾਂ ਅਤੇ ਨਾਰੀਵਾਦੀ ਸੰਗਠਨਾਂ ਦੇ ਇਤਿਹਾਸਕ ਵਿਕਾਸ ਦੀ ਰੂਪ-ਰੇਖਾ ਉਲੀਕਦਿਆਂ ਇਕ ਵਾਦ ਅਤੇ ਵਿਚਾਰਧਾਰਾ ਵਜੋਂ ਉੱਭਰੇ ਨਾਰੀਵਾਦ ਸੰਬੰਧੀ ਚਰਚਾ ਕੀਤੀ ਗਈ ਹੈ। ਨਾਰੀਵਾਦ ਕਿਸੇ ਇਕ ਸੰਗਠਿਤ ਮਾਡਲ ਵਜੋਂ ਉੱਭਰ ਕੇ ਸਾਹਮਣੇ ਨਹੀਂ ਆਇਆ। ਅੱਜ ਤੱਕ ਨਾਰੀਵਾਦੀ ਚਿੰਤਨ ਦੀ ਵਿਕਾਸਧਾਰਾ ਦੇ ਅੰਤਰਗਤ ਅਨੇਕਾਂ ਮਾਡਲ ਸਥਾਪਿਤ ਹੋ ਚੁੱਕੇ ਹਨ। ਇਹ ਵਿਭਿੰਨ ਮਾਡਲ ਜਿੱਥੇ ਵਿਚਾਰਧਾਰਾਈ ਪੱਧਰ 'ਤੇ ਇਕ ਦੂਜੇ ਨਾਲ ਸਮਾਨਤਾ ਅਤੇ ਵਿਰੋਧੀ ਸੰਬੰਧਾਂ ਵਿੱਚ ਬੱਝੇ ਹੋਏ ਹਨ, ਉੱਥੇ ਇਹਨਾਂ ਨੇ ਨਾਰੀ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ, ਸ਼ੋਸ਼ਣ ਦੇ ਸਮਾਧਾਨ ਅਤੇ ਸਰੋਕਾਰਾਂ ਦੇ ਪ੍ਰਸੰਗ ਵਿੱਚ ਆਪੋ-ਆਪਣੀਆਂ ਧਾਰਨਾਵਾਂ ਸਥਾਪਿਤ ਕਰਦਿਆਂ ਨਾਰੀਵਾਦੀ ਚਿੰਤਨ ਨੂੰ ਅੰਤਰ-ਦ੍ਰਿਸ਼ਟੀਆਂ ਰਾਹੀਂ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ। ਇੱਥੇ ਇਹਨਾਂ ਮਾਡਲਾਂ ਨਾਲ ਜੁੜੇ ਨਾਰੀਵਾਦੀ ਦਾਰਸ਼ਨਿਕਾਂ, ਚਿੰਤਕਾਂ ਦੁਆਰਾ ਸਥਾਪਿਤ ਧਾਰਨਾਵਾਂ ਸੰਬੰਧੀ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਦੂਜੇ ਭਾਗ ਪੂਰਬੀ ਨਾਰੀਵਾਦ ਦੇ ਅੰਤਰਗਤ ਏਸ਼ੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਨਾਰੀ ਦੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਕਰਨ ਦੇ ਨਾਲ-ਨਾਲ ਨਾਰੀਵਾਦੀਆਂ ਦੁਆਰਾ ਨਾਰੀ ਦੀ ਸਥਿਤੀ ਨੂੰ ਸੁਧਾਰਨ ਲਈ ਚਲਾਏ ਅੰਦੋਲਨਾਂ ਬਾਰੇ ਚਰਚਾ ਕੀਤੀ ਗਈ ਹੈ। ਨਾਰੀਵਾਦ ਦਾ ਮੁੱਢ ਭਾਵੇਂ ਪੱਛਮੀ ਦੇਸ਼ਾਂ ਵਿੱਚ ਬੱਝਿਆ ਹੈ ਪ੍ਰੰਤੂ ਹੌਲੀ-ਹੌਲੀ ਇਸਦਾ ਵਿਆਪਕ ਪ੍ਰਭਾਵ ਪੂਰੇ ਵਿਸ਼ਵ ਉੱਪਰ ਫੈਲ ਗਿਆ ਹੈ। ਪੂਰਬੀ ਏਸ਼ਿਆਈ ਮੁਲਕਾਂ ਵਿੱਚ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ ਪੱਛਮੀ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ ਨਾਲੋਂ ਵੱਖਰੀਆਂ ਹਨ। ਇਸ ਲਈ ਪੂਰਬੀ ਏਸ਼ਿਆਈ ਮੁਲਕਾਂ ਵਿੱਚ ਨਾਰੀ ਸਮੱਰਥਕਾਂ ਅਤੇ ਨਾਰੀਵਾਦੀ ਚਿੰਤਕਾਂ ਨੇ ਪੱਛਮੀ ਨਾਰੀਵਾਦ ਤੋਂ ਪ੍ਰਭਾਵਿਤ ਹੁੰਦੇ ਹੋਏ ਆਪਣੇ ਦੇਸ਼ਾਂ ਵਿੱਚ ਨਾਰੀ ਨੂੰ ਮਰਦ ਦੇ ਸਮਾਨ ਅਧਿਕਾਰ ਦਿਵਾਉਣ ਲਈ ਨਾਰੀ ਪੱਖੀ ਲਹਿਰਾਂ ਅਤੇ ਅੰਦੋਲਨ ਚਲਾਏ। ਇਸ ਉਪਰੰਤ ਭਾਰਤੀ ਸਮਾਜ ਵਿੱਚ ਨਾਰੀ ਚੇਤਨਾ ਦਾ ਉਦੈ ਬਾਰੇ ਚਰਚਾ ਕੀਤੀ ਗਈ ਹੈ। ਭਾਰਤੀ ਨਾਰੀ ਦੀ ਸਥਿਤੀ ਸੁਧਾਰਨ ਲਈ ਬੁੱਧੀਜੀਵੀਆਂ ਅਤੇ ਸਮਾਜ ਸੁਧਾਰਕਾਂ ਵੱਲੋਂ ਵਿਅਕਤੀਗਤ ਪੱਧਰ 'ਤੇ ਅਤੇ ਸੰਗਠਨਾਤਮਕ ਰੂਪ ਵਿੱਚ ਕੀਤੇ ਗਏ ਯਤਨਾਂ ਨੂੰ ਵਿਚਾਰਿਆ ਗਿਆ ਹੈ। ਭਾਰਤੀ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ ਨਾ ਕੇਵਲ ਪੱਛਮੀ ਨਾਰੀ ਨਾਲੋਂ ਭਿੰਨ ਹਨ ਬਲਕਿ ਪੂਰਬੀ ਏਸ਼ਿਆਈਆਂ ਮੁਲਕਾਂ ਦੀ ਨਾਰੀ ਦੀਆਂ ਸਮੱਸਿਆਵਾਂ ਨਾਲੋਂ ਵੀ ਵੱਖਰੀਆਂ ਹਨ। ਇੱਥੇ ਅਸੀਂ ਭਾਰਤੀ ਨਾਰੀ ਦੀ ਸਥਿਤੀ ਨੂੰ ਸੁਧਾਰਨ ਅਤੇ

ਵਿਭਿੰਨ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਔਰਤ-ਮਰਦ ਨਾਰੀਵਾਦੀਆਂ ਦੁਆਰਾ ਕੀਤੇ ਗਏ ਯਤਨਾਂ ਅਤੇ ਸਥਾਪਿਤ ਸੰਗਠਨਾਂ ਬਾਰੇ ਚਰਚਾ ਕੀਤੀ ਹੈ।

ਪਹਿਲੇ ਅਧਿਆਇ ਦੇ ਤੀਜੇ ਮੁੱਖ ਭਾਗ 'ਪੰਜਾਬੀ ਸਾਹਿਤ ਅਤੇ ਨਾਰੀ ਚੇਤਨਾ' ਵਿੱਚ ਮੱਧਕਾਲੀ ਪੰਜਾਬੀ ਸਾਹਿਤ ਦੇ ਅੰਤਰਗਤ ਨਾਥ ਸਾਹਿਤ, ਸੂਫ਼ੀ ਸਾਹਿਤ, ਗੁਰਮਤਿ ਸਾਹਿਤ, ਕਿੱਸਾ ਸਾਹਿਤ ਵਿੱਚ ਪੇਸ਼ ਔਰਤ ਦੇ ਰੂਪ, ਸਥਿਤੀ ਦੀ ਚਰਚਾ ਕਰਨ ਤੋਂ ਲੈ ਕੇ ਆਧੁਨਿਕ ਪੰਜਾਬੀ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਕਵਿਤਾ, ਨਾਵਲ, ਨਾਟਕ ਅਤੇ ਕਹਾਣੀ ਵਿੱਚ ਪੇਸ਼ ਵਿਭਿੰਨ ਨਾਰੀ ਸਰੋਕਾਰਾਂ ਅਤੇ ਨਾਰੀ ਦੀ ਆਪਣੀ ਸਥਿਤੀ ਸੰਬੰਧੀ ਵਿਕਸਿਤ ਹੋ ਰਹੀ ਨਾਰੀ ਚੇਤਨਾ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਮੱਧਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਜਿੱਥੇ ਸਾਨੂੰ ਕੋਈ ਔਰਤ ਸਾਹਿਤਕਾਰ ਨਜ਼ਰ ਨਹੀਂ ਆਉਂਦੀ, ਉੱਥੇ ਆਧੁਨਿਕ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਾਨੂੰ ਮਰਦ-ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਸਮੱਸਿਆਵਾਂ ਨੂੰ ਚਿਤਰਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਔਰਤ ਸਾਹਿਤਕਾਰ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਦੂਜੇ ਅਧਿਆਇ ਵਿੱਚ ਸਾਲ 2000 ਉਪਰੰਤ ਲਿਖੀ ਗਈ ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਨੂੰ ਅੱਗੋਂ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਸਮਕਾਲੀ ਦੌਰ ਦੇ ਚੋਣਵੇਂ ਭਾਰਤੀ ਪੰਜਾਬੀ ਔਰਤ-ਮਰਦ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਨੂੰ ਆਧਾਰ ਬਣਾਇਆ ਗਿਆ ਹੈ, ਜਿਸ ਵਿੱਚ ਪੇਸ਼ ਨਾਰੀ ਦੀ ਸਥਿਤੀ, ਸਮੱਸਿਆਵਾਂ ਅਤੇ ਨਾਰੀ ਚੇਤਨਾ ਸੰਬੰਧੀ ਚਰਚਾ ਕੀਤੀ ਗਈ ਹੈ। ਦੂਜੇ ਭਾਗ ਦੇ ਅੰਤਰਗਤ ਚੋਣਵੇਂ ਸਮਕਾਲੀ ਪਰਵਾਸੀ ਪੰਜਾਬੀ ਔਰਤ-ਮਰਦ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਦੀ ਸਥਿਤੀ, ਸਮੱਸਿਆਵਾਂ, ਉਸਦੀ ਹੋਂਦ ਅਤੇ ਪਛਾਣ ਨਾਲ ਜੁੜੇ ਮਸਲਿਆਂ ਸੰਬੰਧੀ ਚਰਚਾ ਕੀਤੀ ਗਈ ਹੈ। ਪਰਵਾਸੀ ਪੰਜਾਬੀ ਔਰਤ ਅੰਦਰ ਆਪਣੀ ਸਥਿਤੀ ਪ੍ਰਤੀ ਵਿਕਸਤ ਹੋ ਰਹੀ ਚੇਤਨਾ ਨੂੰ ਪੂਰਬੀ ਅਤੇ ਪੱਛਮੀ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਵਿਚਾਰਣ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇੱਥੇ ਸੰਖੇਪ ਰੂਪ ਵਿੱਚ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ, ਨਾਰੀ ਸਰੋਕਾਰਾਂ ਅਤੇ ਨਾਰੀ ਚੇਤਨਾ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ, ਕਿਉਂਕਿ ਪਾਕਿਸਤਾਨੀ ਪੰਜਾਬੀ ਕਹਾਣੀ ਵੀ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਪਾਸਾਰ ਹੈ।

ਤੀਜੇ ਅਧਿਆਇ ਵਿੱਚ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਦਾ ਨਾਰੀ-ਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਇਹਨਾਂ ਦੀਆਂ ਕਹਾਣੀਆਂ ਸ਼ਹਿਰੀ, ਮਹਾਂਨਗਰੀ ਔਰਤ

ਦੀਆਂ ਜਟਿਲ ਅਸਤਿਤਵੀ ਸਮੱਸਿਆਵਾਂ ਨਾਲ ਸੰਬੰਧਿਤ ਹਨ। ਇਹਨਾਂ ਕਹਾਣੀਆਂ ਵਿੱਚ ਪੇਸ਼ ਨਿਮਨ, ਮੱਧਵਰਗੀ ਸ਼ਹਿਰੀ ਅਤੇ ਮਹਾਂਨਗਰੀ ਔਰਤ ਪਾਤਰਾਂ ਦੀ ਸਥਿਤੀ, ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਪ੍ਰਤੀ ਉਹਨਾਂ ਦਾ ਨਜ਼ਰੀਆ, ਉਸ ਦੀਆਂ ਮਾਨਵੀ ਇੱਛਾਵਾਂ, ਅਸਤਿਤਵੀ ਲੋੜਾਂ ਪ੍ਰਤੀ ਪੈਦਾ ਹੋ ਰਹੀ ਨਾਰੀ ਚੇਤਨਾ ਆਦਿ ਸਰੋਕਾਰਾਂ ਸੰਬੰਧੀ ਚਰਚਾ ਕੀਤੀ ਗਈ ਹੈ।

ਚੌਥੇ ਅਧਿਆਇ ਵਿੱਚ ਬਚਿੰਤ ਕੌਰ ਅਤੇ ਅੰਮ੍ਰਿਤਪਾਲ ਕੌਰ ਦੀਆਂ ਕਹਾਣੀਆਂ ਵਿੱਚ ਪੇਸ਼ ਪੇਂਡੂ ਪੰਜਾਬੀ ਔਰਤ ਦੇ ਬਿੰਬ ਨੂੰ ਨਾਰੀਵਾਦੀ ਪਰਿਪੇਖ ਵਿੱਚ ਸਮਝਿਆ ਗਿਆ ਹੈ। ਇਹ ਕਹਾਣੀਆਂ ਪੰਜਾਬੀ ਸਮਾਜ-ਸਭਿਆਚਾਰ ਵਿੱਚ ਜੀਅ ਰਹੀ ਔਰਤ ਨਾਲ ਸੰਬੰਧਿਤ ਵਿਭਿੰਨ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ। ਇਹਨਾਂ ਦਾ ਅਧਿਐਨ ਕਰਦਿਆਂ ਪੇਂਡੂ ਪੰਜਾਬੀ ਔਰਤ ਦੀ ਸਥਿਤੀ, ਮਨੋ-ਸਮਾਜਿਕ ਸੰਰਚਨਾ ਅਤੇ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਉਘਾੜਨ ਦਾ ਜਤਨ ਕੀਤਾ ਗਿਆ ਹੈ।

ਪੰਜਵੇਂ ਅਧਿਆਇ ਵਿੱਚ ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਔਰਤ ਪਾਤਰਾਂ ਦੀ ਸਥਿਤੀ ਨੂੰ ਨਾਰੀਵਾਦੀ ਨਜ਼ਰੀਏ ਤੋਂ ਸਮਝਣ ਦਾ ਯਤਨ ਕੀਤਾ ਗਿਆ ਹੈ। ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਪੇਸ਼ ਔਰਤ ਦੀ ਹੋਂਦ-ਹਸਤੀ, ਪਰਵਾਸੀ ਧਰਤੀ ਉੱਤੇ ਪਰਵਾਸੀ ਔਰਤ ਪਾਤਰਾਂ ਨੂੰ ਦਰਪੇਸ਼ ਵਿਭਿੰਨ ਸਮੱਸਿਆਵਾਂ, ਪੱਛਮੀ ਸਭਿਆਚਾਰ ਦੇ ਪ੍ਰਭਾਵ ਕਾਰਨ ਪਰਵਾਸੀ ਪੰਜਾਬੀ ਔਰਤ ਪਾਤਰਾਂ ਦੀ ਸਥਿਤੀ ਅਤੇ ਮਾਨਸਿਕਤਾ ਵਿੱਚ ਆ ਰਹੇ ਬਦਲਾਅ ਅਤੇ ਇਸ ਪਰਿਵਰਤਨ ਸਦਕਾ ਪਰਵਾਸੀ ਪੰਜਾਬੀ ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਦੋ ਵਿਭਿੰਨ ਸੰਸਕ੍ਰਿਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਵੇਖਦਿਆਂ ਹੋਇਆਂ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਮੁਲਾਂਕਣ ਕੀਤਾ ਗਿਆ ਹੈ।

ਉਪਰੋਕਤ ਖੋਜ ਕਾਰਜ ਦੇ ਸੰਪੂਰਨ ਅਧਿਐਨ ਤੋਂ ਉਪਰੰਤ ਸਾਹਮਣੇ ਆਏ ਮੂਲ ਨੁਕਤਿਆਂ ਨੂੰ 'ਨਿਸ਼ਕਰਸ਼' ਦੇ ਸਿਰਲੇਖ ਅਧੀਨ ਪੇਸ਼ ਕੀਤਾ ਗਿਆ ਹੈ। ਅੰਤ ਵਿੱਚ ਪੁਸਤਕ ਸੂਚੀ ਨੂੰ ਦਰਜ ਕੀਤਾ ਹੈ ਜਿਸ ਵਿੱਚ ਲੜੀਬੱਧ ਤਰਤੀਬ ਅਨੁਸਾਰ ਖੋਜ ਕਾਰਜ ਨੂੰ ਸੰਪੂਰਨ ਕਰਨ ਵਿੱਚ ਸਹਾਇਕ ਹੋਈਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੁਸਤਕਾਂ, ਕੋਸ਼, ਖੋਜ-ਪੱਤਰ, ਰਸਾਲੇ, ਅਖ਼ਬਾਰ, ਮੈਗਜ਼ੀਨ, ਵੈੱਬਸਾਈਟਸ (Websites) ਅਤੇ ਹੋਰ ਸਾਹਿਤ ਸਮੱਗਰੀ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਸ ਖੋਜ ਕਾਰਜ ਨੂੰ ਖਰੜੇ ਦਾ ਰੂਪ ਦਿੰਦੇ ਸਮੇਂ ਅਨੇਕਾਂ ਪ੍ਰਕਾਰ ਦੀਆਂ ਤਰੁੱਟੀਆਂ ਨੂੰ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਪ੍ਰੰਤੂ ਫਿਰ ਵੀ ਜੇਕਰ ਕੋਈ ਉਕਾਈ ਰਹਿ ਗਈ ਹੋਵੇ ਤਾਂ ਪੰਜਾਬੀ ਸਾਹਿਤ ਦੇ ਪਾਠਕਾਂ ਪਾਸੋਂ ਅਗਾਹੋਂ ਹੀ ਖ਼ਿਮਾ ਚਾਹੁੰਦੀ ਹਾਂ।

ਅੰਤ ਵਿੱਚ ਸਭ ਤੋਂ ਪਹਿਲਾਂ ਮੈਂ ਉਸ ਅਕਾਲ ਪੁਰਖ ਪ੍ਰਮਾਤਮਾ ਦੀ ਸ਼ੁਕਰਗੁਜ਼ਾਰ ਹਾਂ, ਜਿਸਨੇ ਮੇਰੀ ਜ਼ਿੰਦਗੀ ਦੀਆਂ ਕਠਿਨਾਈਆਂ ਨੂੰ ਦੂਰ ਕਰਦਿਆਂ ਮੈਨੂੰ ਆਪਣਾ ਖੋਜ-ਕਾਰਜ ਸੰਪੂਰਨ ਕਰਨ ਲਈ ਹਿੰਮਤ ਬਖ਼ਸ਼ੀ।

ਮੈਂ ਆਪਣੀ ਸਤਿਕਾਰਯੋਗ ਨਿਗਰਾਨ ਡਾ. ਬਲਜਿੰਦਰ ਕੌਰ (ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ) ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਸ਼ੋਧ-ਪ੍ਰਬੰਧ ਦੀ ਵਿਸ਼ਾ ਚੋਣ ਤੋਂ ਲੈ ਕੇ ਮੁਕੰਮਲ ਹੋਣ ਦੀ ਪ੍ਰਕ੍ਰਿਆ ਤੱਕ ਮੇਰੀ ਸਾਯੋਗ ਅਗਵਾਈ ਕੀਤੀ। ਮੈਂ ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮੁਖੀ ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ, ਡਾ. ਯੋਗਰਾਜ ਸਿੰਘ, ਡਾ. ਉਮਾ ਸੇਠੀ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੇ ਬਹੁਮੁੱਲੇ ਵਿਚਾਰਾਂ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਿਤ ਹੁੰਦਿਆਂ ਹੋਇਆਂ ਮੈਂ ਆਪਣੇ ਖੋਜ ਕਾਰਜ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਕੀਤੀ। ਮੈਂ ਪੰਜਾਬੀ ਵਿਭਾਗ ਵਿੱਚ ਸੇਵਾਵਾਂ ਦੇ ਰਹੇ ਬਲਜੀਤ ਸਿੰਘ ਜੀ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਲੋੜ ਮੁਤਾਬਕ ਸਮੇਂ-ਸਮੇਂ ਤੇ ਸਹਾਇਤਾ ਕੀਤੀ। ਮੈਂ ਵਿਭਾਗੀ ਲਾਇਬ੍ਰੇਰੀ ਅਤੇ ਏ.ਸੀ. ਜੋਸ਼ੀ ਲਾਇਬ੍ਰੇਰੀ ਦੇ ਸਮੂਹ ਕਰਮਚਾਰੀਆਂ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਖੋਜ-ਸਮੱਗਰੀ ਲੱਭਣ ਵਿੱਚ ਮੇਰੀ ਸਹਾਇਤਾ ਕੀਤੀ।

ਮੈਂ ਆਪਣੇ ਸਵਰਗਵਾਸੀ ਦਾਦਾ ਜੀ ਅਤੇ ਪਿਆਰੇ ਚਾਚਾ ਜੀ, ਆਪਣੇ ਮਾਤਾ-ਪਿਤਾ, ਆਪਣੇ ਭੈਣ-ਭਰਾਵਾਂ, ਭਾਬੀਆਂ, ਦੋਸਤਾਂ-ਮਿੱਤਰਾਂ ਅਤੇ ਸਾਰੇ ਪਰਿਵਾਰ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਹਰ ਸਮੇ ਮੇਰਾ ਸਾਥ ਨਿਭਾਇਆ। ਮੈਂ ਆਪਣੇ ਜੀਵਨ ਸਾਥੀ ਮਨਬੀਰ ਸਿੰਘ ਅਤੇ ਮਾਂ ਸਮਾਨ ਸੱਸ ਰਾਜਵਿੰਦਰ ਕੌਰ ਦੀ ਹਮੇਸ਼ਾ ਰਿਣੀ ਰਹਾਂਗੀ ਜਿਨ੍ਹਾਂ ਨੇ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਕਰਕੇ ਮੈਨੂੰ ਆਪਣਾ ਖੋਜ ਕਾਰਜ ਸੰਪੂਰਨ ਕਰਨ ਲਈ ਭਰਪੂਰ ਸਾਥ ਦਿੱਤਾ।

ਮੈਂ ਖੇਮ ਸਿੰਘ ਜੀ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਦੀ ਸਾਰੀ ਸਮੱਗਰੀ ਨੂੰ ਨਿਸ਼ਚਤ ਤਰਤੀਬ ਵਿੱਚ ਟਾਈਪ ਕਰਕੇ ਇਸ ਨੂੰ ਹੱਥਲਾ ਰੂਪ ਪ੍ਰਦਾਨ ਕੀਤਾ।

(ਗੁਰਵਿੰਦਰ ਕੌਰ)